# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਤਹਿਬਜ਼ਾਰੀ ਟੀਮ ਨੇ ਨਗਰ ਨਿਗਮ ਦੀ ਜਗ੍ਹਾ ਦੇ ਕਬਾੜ ਦਾ ਕੰਮ ਕਰ ਰਹੇ ਦੁਕਾਨਦਾਰਾਂ ਨੂੰ ਦਿੱਤੀ ਚਿੱਤਾਵਨੀ...........ਕਾਰਜ ਸਾਧਕ ਅਫਸਰ

## ਤਹਿਬਜ਼ਾਰੀ ਟੀਮ ਵੱਲੋਂ ਨਜ਼ਾਇਜ ਕਬਜ਼ੇ ਹਟਾਉਣ ਦੀ ਮੂੰਹਿਮ ਨੂੰ ਤੇਜ਼ ਕਰਦੇ ਹੋਏ ਮੌਕੇ 3 ਚਲਾਨ ਕੱਟੇ

ਹੁਸ਼ਿਆਰਪੁਰ 17 ਜੂਨ ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਜਾਇਜ਼ ਕਬਜ਼ੇ ਹਟਾਉਣ ਲਈ ਤਹਿਬਾਜ਼ਾਰੀ ਦੀ ਟੀਮ ਵੱਲੋਂ ਮੁਹਿੰਮ ਨੂੰ ਤੇਜ਼ ਕਰਦੇ ਹੋਏ ਅੱਜ ਇੰਸਪੈਕਟਰ ਸੰਜੀਵ ਅਰੋੜਾ ਦੀ ਅਗਵਾਈ ਹੇਠ ਨਗਰ ਨਿਗਮ ਦੀ ਤਹਿਬਜ਼ਾਰੀ ਟੀਮ ਨੇ ਵੱਖ-ਵੱਖ ਬਜ਼ਾਰਾਂ ਬਹਾਦੁਰਪੁਰ ਚੌਂਕ, ਮਾਲ ਰੋਡ, ਅੱਡਾ ਮਾਹਿਲਪੁਰ, ਇਸਲਾਮਾਬਾਦ, ਫਤਹਿਗੜ੍ਹ, ਰਹੀਮਪੁਰ, ਪੁਰਾਣੀ ਸਬਜ਼ੀ ਮੰਡੀ, ਗਊਸ਼ਾਲਾ ਬਜਾਰ ਦਾ ਦੌਰਾ ਕੀਤਾ ਅਤੇ ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ਼ ਕਬਜ਼ੇ ਹਟਾਏ ਕੁਝ ਦੁਕਾਨਦਾਰਾਂ ਦਾ ਸਮਾਨ ਕਬਜ਼ੇ ਵਿੱਚ ਲਿਆ ਅਤੇ ਮੌਕੇ ਤੇ ਹੀ 3 ਦੁਕਾਨਦਾਰਾਂ ਦੇ ਚਲਾਨ ਕੱਟੇ ਅਤੇ ਦੁਕਾਨਦਾਰਾਂ ਖਾਸ ਕਰਕੇ ਕਬਾੜ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਕਿ ਉਹ ਆਪਣਾ ਸਮਾਨ ਦੁਕਾਨਾਂ ਦੇ ਅੰਦਰ ਹੀ ਰੱਖਣ ਅਜਿਹਾ ਨਾ ਕਰਨ ਵਾਲੇ ਦੁਕਾਨਦਾਰਾਂ ਦੇ ਮੌਕੇ ਤੇ ਹੀ ਚਲਾਨ ਕੱਟੇ ਜਾਣਗੇ। ਇੰਸਪੈਕਟਰ ਸੰਜੀਵ ਅਰੋੜ ਦੀ ਅਗਵਾਈ ਗਈ ਤਹਿਬਜ਼ਾਰੀ ਟੀਮ ਵਿੱਚ ਸੰਨੀ, ਕੁਲਵਿੰਦਰ ਸਿੰਘ, ਗੋਰਵ ਸ਼ਰਮਾ, ਅਮਨਦੀਪ ਅਤੇ ਪੁਲਿਸ ਵਿਭਾਗ ਦੇ ਕਰਮਚਾਰੀ ਵੀ ਸ਼ਾਮਿਲ ਸਨ।